<u>ਬਾਪੂ ਜੀ ਪੁਛਦਾ ਬੇਟੇ  ਨੂੰ (ਦੋ-ਗਾਣਾ)</u>

ਬਾਪੂ ਜੀ ਪੁਛਦਾ  ਬੇਟੇ ਨੂੰ
ਦਸ ਇਹ ਕੀ ਕੀਤਾ ਕਾਕਾ ਜੀ
ਹੈ ਧੂੜ ਚੜ੍ਹੀ ਅਸਮਾਨਾਂ ਤੇ
ਲਗਦੇ ਕੋਈ ਹੋ ਗਿਆ ਸਾਕਾ ਜੀ

ਬੇਟਾ ਕਹਿੰਦਾ ਬਾਪੂ ਜੀ
ਮੈਂ ਧੂੜਾਂ ਪੁੱਟੀ ਜਾਂਦਾ ਸਾਂ
ਕੁਝ ਪੈਰਾਂ ਥੱਲੇ ਆ ਗਿਆ ਤੇ
ਲਗਦੇ ਹੋ ਗਿਆ ਧਮਾਕਾ ਜੀ
ਮੇਰੇ ਮੂਹੰ  ਚ ਕ਼ੋਹਰ ਕਿਰਲੀ ਹੈ
ਮੇਰੀ ਸੱਪ ਦੇ ਵਾਲੀ ਹਾਲਤ ਹੈ
ਨਾਂ ਇਸ ਨੂੰ ਥੂਕਨਾ  ਬਣਦਾ ਹੈ
ਨਾਂ ਇਸ ਨੂੰ ਖਾਣਾ ਬਣਦਾ ਹੈ

ਤਾਂ ਹੀ ਤਾਂ ਬੇਟਾ ਕਹਿੰਦਾਂ ਮੈਂ
ਕੇ ਤੇਜੀ ਚੰਗੀ ਨਹੀਂ ਹੁੰਦੀ
ਤੱਤੀ  ਤੱਤੀ ਰੋਟੀ ਨੂੰ
ਠਾਰ  ਕੇ ਖਾਣਾ ਬਣੰਦਾ ਹੈ

ਬਾਪੂ ਤੇਰੀਆਂ ਗੱਲਾਂ ਨੂੰ
ਜੇ ਮੰਨੀ ਮੰਨੀ ਜਾਵਾਂ ਮੈਂ
ਤਾਂ ਇੰਜ ਲਗਦੇ ਕੇ ਸੱਪਾਂ ਨੂੰ
ਵੀ ਦੁਧ  ਪਿਲਾਣਾ ਬਣੰਦਾ ਹੈ

ਤੁਸੀਂ  ਜੋ ਵੀ ਸਮਝੋਂ ਕਾਕਾ ਜੀ
ਓਹ ਥੋੜੇ ਉੱਤੇ ਛਡ ਦਿੰਨਾ
ਪਰ ਵੱਡਾ ਹੋਵਣ ਦੇ ਨਾਤੇ
ਮੇਰਾ  ਸਮਝਾਣਾ ਬਣੰਦਾ ਹੈ
ਜਿਹਨਾਂ ਨੂੰ ਸੱਪ ਤੂੰ ਕਹਿੰਦਾ ਹੈਂ
ਓਹ ਬਹੁਤ ਪੁਰਾਣੇ ਸਾਥੀ ਨੇ
ਗੁੱਸੇ ਵਿਚ ਕੀਤਾ ਯਾਰਾਂ ਦਾ
ਸਾਨੂੰ ਵੀ ਭੁਲਾਨਾਂ ਬਣੰਦਾ ਹੈ

ਤੁਸੀਂ ਸਾਰੀ ਉਮਰਾਂ ਬਾਪੂ ਜੀ
ਗੱਲਾਂ ਦਾ ਖਟਿਆ ਖਾਧਾ ਹੈ
ਥੋੜੇ ਤੋਂ ਸਿਖਣਾ ਬਣੰਦਾ ਹੈ
ਦਿਲ ਨੂੰ ਸਮਝਾਣਾ ਬਣੰਦਾ ਹੈ

ਪਿਓ ਪੁਤਰ  ਦੀ ਜੋੜੀ ਤੇ
ਇਕ ਫਿਲਮ ਬਣਾਈ ਜਾ ਸਕਦੀ
ਪਰ ਹਾਲ ਘੜੀ ਤਾਂ ਦੋਨਾਂ ਤੇ
ਇਹੋ ਦੋ-ਗਾਣਾ ਬਣਾਂਦਾ ਹੈ